**ਦਫਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**

**ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ: ਫੇਜ਼-8, ਅਜੀਤਗੜ੍ਹ, ਮੋਹਾਲੀ**

**ਫੋਨ ਨੰਬਰ:0172-2212221**

---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)

ਪੰਜਾਬ।

ਮੀਮੋ ਨੰ: DGSE-SSAOGENL/39/2021 ਮਿਤੀ: 18-01-2021

**Subject:- Regarding Identification of Focused Schools.**

1.0 ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਪ੍ਰੋਜੈਕਟ ਵਿੱਚ ਵਿਦਿਆਰਥੀਆਂ ਦੇ ਗੁਣਾਤਮਕ ਸੁਧਾਰ ਅਤੇ ਮਿਸ਼ਨ ਸ਼ਤ ਪ੍ਰਤੀਸ਼ਤ ਦੀ ਸਫਤਲਾ ਲਈ ਇਹ ਜ਼ਰੂਰੀ ਹੈ ਕਿ ਉਨ੍ਹਾ ਸਕੂਲਾਂ ਨੂੰ Identify ਕੀਤਾ ਜਾਵੇ, ਜਿਨ੍ਹਾਂ ਸਕੂਲਾਂ ਉੱਤੇ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ।

2.0 ਇਸ ਲਈ ਹੇਠ ਲਿਖੇ ਮੁੱਦਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਿਲ੍ਹਾਵਾਰ ਵੱਖ-ਵੱਖ Focused ਸਕੂਲਾਂ ਦੀ ਭਾਲ ਕੀਤੀ ਜਾਵੇ ਤਾਂ ਜੋ ਇਹਨਾਂ ਸਕੂਲਾਂ ਵੱਲ ਵਿਸ਼ੇਸ਼ ਧਿਆਨ ਦੇ ਕੇ ਮਿਸ਼ਨ ਸ਼ਤ ਪ੍ਰਤੀਸ਼ਤ ਦੇ ਟੀਚੇ ਨੂੰ ਸਫਲਤਾਪੂਰਵਕ ਹਾਸਲ ਕੀਤਾ ਜਾ ਸਕੇ।

- ਉਹ ਸਕੂਲ, ਜਿੱਥੇ ਦਸੰਬਰ 2020 ਵਿੱਚ 40 ਪ੍ਰਤੀਸ਼ਤ ਤੋਂ ਘੱਟ ਨਤੀਜੇ ਵਾਲੇ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਹੈ।
- ਉਹ ਸਕੂਲ, ਜਿਨ੍ਹਾਂ ਦੇ ਵਿਦਿਆਰਥੀ ਬੋਰਡ ਦੀਆਂ ਜਮਾਤਾਂ ਦੇ ਵਿੱਚ ਮੈਰਿਟ ਵਿੱਚ ਆ ਸਕਦੇ ਹਨ, ਭਾਵ ਮੈਰੀਟੋਰੀਅਸ ਬੱਚਿਆਂ ਵਾਲੇ ਸਕੂਲਾਂ ਦੀ ਚੋਣ ਕੀਤੀ ਜਾਵੇ ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀ ਮੈਰਿਟ ਸੂਚੀ ਦੇ ਵਿੱਚ ਆ ਸਕਣ।
- ਉਹਨਾਂ ਸਕੂਲਾਂ ਜਿਥੇ ਵਿਦਿਆਰਥੀਆਂ ਦੀ ਹਾਜਰੀ ਘੱਟ ਹੈ ਜਾ ਵਿਦਿਆਰਥੀ ਜ਼ਿਆਦਾਤਰ ਗ਼ੈਰਹਾਜ਼ਰ ਰਹਿੰਦੇ ਹਨ।
- ਉਹ ਸਕੂਲ ਜਿਨ੍ਹਾਂ ਵਿੱਚ ਅਧਿਆਪਕਾਂ ਦੀ ਬਹੁਤ ਜ਼ਿਆਦਾ ਘਾਟ ਹੈ, ਜਿਸ ਕਰਕੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਹਰਜਾ ਹੁੰਦਾ ਹੈ।

3.0 ਉਕਤ ਅਨੁਸਾਰ ਆਪ ਜੀ ਵੱਲੋਂ ਸਕੂਲਾਂ ਦੀ ਸੂਚੀ ਇਕ ਹਫਤੇ ਦੇ ਵਿੱਚ ਤਿਆਰ ਕਰਕੇ ਮਿਸ਼ਨ ਸ਼ਤ ਪ੍ਰਤੀਸ਼ਨ ਨੂੰ ਧਿਆਨ ਵਿਚ ਰੱਖਦੇ ਹੋਏ ਲੋੜੀਂਦੀ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

4.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ/ਉਪ ਜ਼ਿਲ੍ਹਾ ਸਿੱਖਿਆ ਅਫਸਰ/ਬਲਾਕ ਨੋਡਲ ਅਫਸਰ/ਡੀ.ਐਮ. ਅਤੇ ਬੀ.ਐਮ./ਸਿੱਖਿਆ ਸੁਧਾਰ ਟੀਮ ਮੈਂਬਰਾਂ/ਜ਼ਿਲ੍ਹਾ ਨੋਡਲ ਅਫਸਰ ਸਹਿਬਾਨਾਂ ਕੋਲ ਇਹ ਲਿਸਟਾਂ ਹਾਜਰ ਹੋਣ ਅਤੇ ਯੋਜਨਾਮਈ ਢੰਗ ਦੇ ਨਾਲ ਇਨ੍ਹਾਂ ਵਿਦਿਆਰਥੀਆਂ ਤੇ ਫੋਕਸ ਕੀਤਾ ਜਾਵੇ।

18/1/21

**ਡਾਇਰੈਕਟਰ**

**ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ**

**ਮਿਤੀ:**

**ਪਿੱਠ ਅੰਕਣ ਨੰ: ਉਕਤ**

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡੀ.ਪੀ.ਆਈ. (ਸੈ.ਸਿ)/(ਐ.ਸਿ) 2. ਜ਼ਿਲ੍ਹਾ ਨੋਡਲ ਅਫਸਰ/ਬਲਾਕ ਨੋਡਲ ਅਫਸਰ

3. ਸਮੂਹ ਸਿੱਖਿਆ ਸੁਧਾਰ ਟੀਮ ਮੈਂਬਰ 4. ਸਮੂਹ ਡੀ.ਐਮ/ਬੀ.ਐਮ

18/1/21

**ਡਾਇਰੈਕਟਰ**

**ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ।**